ਕਲਾਸ : 10+1

ਪੇਪਰ : ਲਾਜ਼ਮੀ ਪੰਜਾਬੀ

ਸੈਟ ਏ

ਸਮਾਂ: 3 ਘੰਟੇ

ਕੁੱਲ ਅੰਕ : 80

ਵਸਤੂਨਿਸ਼ਠ ਪ੍ਰਸ਼ਨ

ਭਾਗ ੳ 20

ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਉ -

1 ਪਿੰਡ ਤਾਂ ਸਾਡੇ ਬੋਲੀ ਵਿੱਚ ਰਚਨਹਾਰ ਨੂੰ ਕਿਹੜਾ ਸ਼ੌਕ ਪੈ ਗਿਆ ਸੀ ?

2 ਨਿੱਕੀ ਨਿੱਕੀ ਬੂੰਦੀ ਨਾਂ ਦੀ ਘੋੜੀ ਵਿੱਚ ਹਾਥੀਆਂ ਦੇ ਸੰਗਲ ਕੌਣ ਫੜਦਾ ਹੈ ?

3 ਦੁੱਲੇ ਦੇ ਪਿਉ ਦਾਦੇ ਨੂੰ ਕਿਸ ਮੁਗਲ ਨੇ ਮਰਵਾਇਆ ਸੀ ?

4 'Conduct' ਦਾ ਪੰਜਾਬੀ ਸਮਾਨਾਰਥੀ ਸ਼ਬਦ ਲਿਖੋ।

5 'ਖੂਹ ਨਿਖੁੱਟ ਜਾਣੇ' ਮੁਹਾਵਰੇ ਦਾ ਕੀ ਅਰਥ ਹੈ ?

ਭਾਗ ਅ

ਬਹੁ ਚੋਣਵੇ ਪ੍ਰਸ਼ਨ

1 ਲੋਕ ਗੀਤਾਂ ਦੀ ਕਿਸ ਵੰਨਗੀ ਨੂੰ ਮਿੱਠੀਆ ਗਾਲਾਂ ਕਿਹਾ ਗਿਆ ਹੈ ?

ੳ) ਘੋੜੀਆ ਨੂੰ  ਅ) ਸੁਹਾਗ ਨੂੰ

ੲ) ਸਿੱਠਣੀਆਂ ਨੂੰ  ਸ) ਲੰਮੀਆ ਬੋਲੀਆ ਨੂੰ

2 'ਅੱਸੂ ਦਾ ਕਾਜ ਰਚਾ' ਨਾਂ ਦੇ ਸੁਹਾਗ ਵਿੱਚ ਹਾਥੀ ਦੇ ਪੈਰਾਂ ਵਿੱਚ ਕੀ ਹਨ ?

ੳ) ਝਾਂਜਰਾਂ  ਅ) ਸੰਗਲ

ੲ) ਝਾੜੀਆਂ  ਸ) ਮੋਤੀ

3 ਪ੍ਰਹਿਲਾਦ ਨੂੰ ਸਮੁੰਦਰ ਵਿੱਚ ਕਿਸਨੇ ਸੁੱਟਿਆ ਸੀ ?

ੳ) ਹੋਲਕਾ ਨੇ  ਅ) ਜਲਾਦਾਂ ਨੇ

ੲ) ਪਰਨਾਖਸ਼ ਨੇ  ਸ) ਨਰ ਸਿੰਘ ਨੇ

4 ਲੂਣਾ ਦੀ ਕੁੱਖੋਂ ਪੈਦਾ ਹੋਏ ਪੁੱਤਰ ਦਾ ਨਾਂ ਕੀ ਸੀ ?

ੳ) ਪੂਰਨ ਭਗਤ  ਅ) ਭਰਥਰੀ ਹਰੀ

ੲ) ਗੋਰਖ ਨਾਥ  ਸ) ਰਾਜਾ ਰਸਾਲੂ

5 ਬਹੁਤ ਇੱਜਤ ਦੇਣ ਲਈ ਕਿਹੜੇ ਮੁਹਾਵਰੇ ਦਾ ਇਸਤੇਮਾਲ ਕੀਤਾ ਜਾਂਦਾ ਹੈ ?

ੳ) ਕੰਚ ਤੋਂ ਕੰਚਨ ਬਣਾਉਣਾ  ਅ) ਅੱਖਾਂ ਉੱਤੇ ਬਿਟਾਉਣਾ

ੲ) ਚਿੱਕੜ ਵਿੱਚ ਕੰਵਲ ਹੋਣਾ  ਸ) ਦਿਲ ਤੇ ਲਾਉਣਾ

www.mseducationtv.com

Scanned with OKEN Scanner

## ਭਾਗ ੲ

ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਤੇ ਗਲਤ ਹੈ -

1 ਸਿੱਠਣੀਆ ਵਿੱਚ ਵਿਆਹ ਵਾਲੇ ਮੁੰਡੇ ਨੂੰ ਬੈਟਰੀ ਵਰਗਾ ਕਿਹਾ ਗਿਆ ਹੈ ।

2 ਰਾਂਝੇ ਦੀਆਂ ਪੰਜ ਭਰਜਾਈਆ ਸਨ।

3 ਸੰਤਾਂ ਨੇ ਲਾਲਚੀ ਬੰਦੇ ਨੂੰ ਪੂਰਬ ਦਿਸ਼ਾ ਵੱਲ ਜਾਣ ਤੋਂ ਰੋਕਿਆ।

4 ਗੱਚ ਹੋਣਾ ਮੁਹਾਵਰੇ ਤੋਂ ਭਾਵ ਪੂਰੀ ਤਰ੍ਹਾ ਗਿੱਲਾ ਹੋਣਾ ਹੈ।

5 Coast ਦਾ ਪੰਜਾਬੀ ਅਨੁਵਾਦ ਸਮੁੰਦਰੀ ਤੱਟ ਹੈ।

## ਭਾਗ ਸ

ਖਾਲ਼ੀ ਥਾਵਾਂ ਭਰੋ

1 ਭੈਣਾਂ ਵਰਗਾ ਸਾਕ ਨਾ ਕੋਈ ........................

2 ਮਿਰਜ਼ਾ ਆਪਣੇ ਪਿੰਡ .................. ਵਾਪਸ ਆ ਗਿਆ।

3 ਸੁਦਾਗਰ ਦੀ ਪਤਨੀ ਨੇ .................. ਨੂੰ ਭੰਗ ਦੇ ਪਕੌੜੇ ਖਵਾਏ।

4 ਕੱਖ ਭੰਨ ਕੇ ..................

5 Modification ਦਾ ਪੰਜਾਬੀ ਅਨੁਵਾਦ .............. ਹੈ।

2 ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ - 6

ਹੀਰ ਨੂੰ ਆਪਣਾ ਪਤੀ ਸੈਦਾ ਬਿਲਕੁਲ ਹੀ ਪ੍ਰਵਾਨ ਨਹੀਂ ਸੀ। ਉਸਦਾ ਇਹ ਵਿਆਹ ਉਸਦੀ ਇੱਛਾ ਦੇ ਖਿਲਾਫ ਹੋਇਆ ਸੀ। ਸਹੁਰੇ ਘਰ ਵਿੱਚ ਉਸਦੀ ਇੱਕ ਨਨਾਣ ਸਹਿਤੀ ਸੀ। ਛੇਤੀ ਹੀ ਹੀਰ ਅਤੇ ਸਹਿਤੀ ਇੱਕ ਦੂਜੇ ਨਾਲ ਆਪਣੇ ਮਨ ਦਾ ਭੇਤ ਸਾਂਝਾ ਕਰਨ ਲੱਗੀਆਂ। ਇਸ ਉਪਰੰਤ ਹੀਰ ਜੋਗੀ ਬਣੇ ਰਾਂਝੇ ਨੂੰ ਸਹਿਤੀ ਰਾਹੀਂ ਮਿਲਣ ਲੱਗੀ। ਕੁੱਝ ਸਮੇਂ ਪਿੱਛੋਂ ਸਹਿਤੀ ਦੀ ਸਹਾਇਤਾ ਨਾਲ ਹੀਰ ਅਤੇ ਰਾਝਾਂ ਰੰਗਪੁਰ ਤੋਂ ਭੱਜ ਗਏ। ਰੰਗਪੁਰ ਖੇੜਿਆ ਦੇ ਬੰਦਿਆਂ ਨੇ ਉਹਨਾਂ ਦਾ ਪਿੱਛਾ ਕਰਦਿਆਂ ਇਸ ਪ੍ਰੇਮੀ ਜੋੜੀ ਨੂੰ ਫੜ ਲਿਆ।

1. ਉਪਰੋਕਤ ਪੈਰ੍ਹੇ ਦੀ ਕਥਾ ਦਾ ਨਾਮ ਅਤੇ ਵੰਨਗੀ ਦੱਸੋ।
2. ਹੀਰ ਦਾ ਵਿਆਹ ਕਿੱਥੇ ਹੋਇਆ ਸੀ ?
3. ਹੀਰ ਦੀ ਨਨਾਣ ਦਾ ਕੀ ਨਾਮ ਸੀ ?

3 ਕੋਈ ਚਾਰ ਪ੍ਰਸ਼ਨਾਂ ਦੇ ਉੱਤਰ ਲਿਖੋ। 12

1. ਨਿਵੇਂ ਪਹਾੜਾਂ ਤੇ ਪਰਬਤ ਸੁਹਾਗ ਵਿੱਚ ਕੁੜੀ ਦੇ ਵਿਆਹ ਸਮੇਂ ਪੇਕੇ ਪਰਿਵਾਰ ਦੇ ਲੋਕ ਕਿਉਂ ਨਿਉਂਦੇ ਵਿਖਾਏ ਗਏ ਹਨ ?

www.mseducationtv.com

Scanned with OKEN Scanner

2. 'ਹਰਿਆਨੀ ਮਾਲਣ' ਘੋੜੀ ਵਿੱਚ ਮਾਲਣ ਨੇ ਵਿਆਂਹਦੜ ਲਈ ਕਿਸ ਪ੍ਰਕਾਰ ਦਾ ਵਿਸ਼ੇਸ਼ ਸਿਹਰਾ ਤਿਆਰ ਕੀਤਾ ?

3. ਸਿੱਠਣੀਆ ਵਿੱਚ ਹਾਸੇ ਮਜਾਕ ਲਈ ਕਿਹੜੇ ਕਿਹੜੇ ਵਿਸ਼ੇ ਚੁਣੇ ਜਾਂਦੇ ਹਨ?

4. ਇਸ ਪਾਠ ਪੁਸਤਕ ਵਿੱਚ ਲੋਕ ਸਿਆਣਪ ਤੇ ਲੋਕ ਨੀਤੀ ਨੂੰ ਪ੍ਰਗਟਾਉਂਦੇ ਤਿੰਨ ਟੱਪੇ ਲਿਖੋ।

5. 'ਪਿੰਡ ਤਾਂ ਸਾਡੇ' ਬੋਲੀ ਵਿੱਚ ਕਿਹੜਾ ਜੀਵਨ ਸੱਚ ਪੇਸ਼ ਕੀਤਾ ਗਿਆ ਹੈ /

6. ਉਭੇ ਦੇ ਬੱਦਲ ਢੋਲੇ ਵਿੱਚ ਵਿਸਾਹ-ਘਾਤ ਕਿਵੇਂ ਪ੍ਰਗਟ ਹੋਇਆ ਹੈ?

4 ਕਿਸੇ ਇੱਕ ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। 6

ੳ) ਨਲ ਅਤੇ ਦਮਿਅੰਤੀ ਅ) ਪੂਰਨ ਭਗਤ ੲ) ਮਿਰਜ਼ਾ ਸਾਹਿਬਾਂ

5 ਹੇਠ ਲਿਖੇ ਸ਼ਬਦਾਂ ਅਤੇ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ। 10

ੳ) Additional, Account, Claim, Eligibility, Sanction, Ancient, creche, Gradation, Octroi, ~~Claim~~, Yawn (ਕੋਈ ਅੱਠ)

ਅ)

1. Received the sum of Rs. Ten thousand only as specified on reverse. https://www.punjabboardonline.com
2. Please co'unt the cheques contained here in before use.
3. Passengers travelling without ticket will be sharged 10 times.
4. Spitting is prohibited on the platfoirm.
5. Use Block letters for filling in the telegram form.
6. No enclosure allowed in the inland letter.
7. Now a days vehicle insurance is also necessary.
8. Email is used to send and receiye messages.

6 ਨੋਟਿਸ ਬੋਰਡਾਂ ਉਪਰ ਇਸ਼ਤਿਹਾਰ ਲਾਉਣ ਦੀ ਸਮੱਸਿਆ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ ਲਿਖੋ। 7

ਜਾਂ

ਦੂਜਿਆਂ ਦੇ ਕੰਮ ਆਉਣ ਦੀ ਕਿਸੇ ਅਨੋਖੀ ਘਟਨਾ ਦਾ ਵੇਰਵਾ ਕਿਸੇ ਅਖਬਾਰ ਦੇ ਸੰਪਾਦਕ ਨੂੰ ਲਿਖੋ।

www.mseducationtv.com

Scanned with OKEN Scanner

7 ਨਾਂ ਦੀ ਤਬਦੀਲੀ ਸਬੰਧੀ ਇਸ਼ਤਿਹਾਰ ਲਿਖੋ। 5

ਜਾਂ

ਸਕੂਲ ਵਿੱਚ ਮਾਪੇ ਅਧਿਆਪਕ ਮਿਲਣੀ ਸਬੰਧੀ ਸੱਦਾ-ਪੱਤਰ ਲਿਖੋ।

8 ਕੋਈ ਇੱਕ ਪੈਰਾ ਰਚਨਾ ਲਿਖੋ। 6

ਹਸਪਤਾਲ, ਡਿਕਸ਼ਨਰੀ ਦੀ ਵਰਤੋਂ, ਸਲੀਕਾ

9 ਕੋਈ ਚਾਰ ਮੁਹਾਵਰੇ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ। 8

ਊਠ ਦੇ ਮੂੰਹ ਜ਼ੀਰਾ ਦੇਣਾ, ਸਨੀਚਰ ਆਉਣਾ, ਖਾਨਾ ਖ਼ਰਾਬ ਹੋਣਾ, ਗਲ ਪੰਜਾਲੀ ਪਾ ਦੇਣੀ, ਘੁੰਡੀ ਖੋਲਣੀ, ਝੋਲੀ ਚੁੱਕਣੀ, ਡੋਬੂ ਪੈਣੇ।

www.mseducationtv.com

Scanned with OKEN Scanner